**International Journal of Advanced Research and Development**
**ISSN: 2455-4030, Impact Factor: RJIF 5.24**
**www.newresearchjournal.com/advanced**
**Volume 1; Issue 4; April 2016; Page No. 108-109**

# ਜਸਪ੍ਰੀਤ ਦਾ ਕਾਵਿਸੰਗ੍ਰਹਿ 'ਸ਼ਬਦਾਂ ਦੀ ਦਹਿਲੀਜ਼': ਮੂਲ ਸਰੋਕਾਰ

**Dr. Rachhpal Singh Uppal**

Guru Nanak Khalsa College, Abohar, Punjab, India

## Introduction

'ਸ਼ਬਦਾਂ ਦੀ ਦਹਿਲੀਜ਼' ਕਾਵਿ ਸੰਗ੍ਰਹਿ ਜਸਪ੍ਰੀਤ ਕੌਰ ਸਿੱਧੂ ਦੀ ਪਲੇਠੀ ਰਚਨਾ ਹੋਣ ਕਾਰਨ ਵੀ ਉਸ ਦੇ ਚੰਗੇ ਭਵਿੱਖ ਦੀਆਂ ਸੰਭਾਵਨਾਵਾਂ ਵੀ ਉਭਾਰਦੀ ਹੈ ਅਤੇ ਕਈ ਥਾਵਾਂ 'ਤੇ ਸਮਕਾਲੀ ਕਾਵਿ ਦ੍ਰਿਸ਼ ਦੇ ਡੂੰਘੇ ਅਧਿਐਨ ਦੀ ਮੰਗ ਵੀ ਕਰਦੀ ਹੈ। ਨਿੱਜੀ ਅਕਾਂਖਿਆਂ ਦੀ ਅਪੂਰਤੀ ਵਿਚੋਂ ਪੈਦਾ ਹੋਈ ਕਸਕ/ਤੜਫ਼, ਕੁਦਰਤ ਪ੍ਰਤੀ ਮਨੁੱਖ ਦੀ ਨਕਾਰਤਮਕ ਪਹੁੰਚ, ਸਮਾਜਿਕ ਰਿਸ਼ਤਿਆਂ ਨਾਲ ਬੱਝੀਆਂ ਗਰਜਾਂ/ਲੋੜਾਂ, ਕੁੱਖਾਂ ਵਿੱਚ ਧੀਆਂ ਦੇ ਕਤਲ, ਧਰਤੀ ਤੋਂ ਰੁੱਖਾਂ ਦੀ ਹਿਜ਼ਰਤ ਅਤੇ ਮਾਂ-ਬੋਲੀ ਪ੍ਰਤੀ ਅਪਣੱਤ ਆਦਿ ਅਜਿਹੇ ਵਿਸ਼ੇ ਹਨ ਜੋ ਉਸ ਦੀ ਕਵਿਤਾ ਨੂੰ ਇੱਕ ਸੰਗਠਤ ਬਿੰਬ ਪ੍ਰਦਾਨ ਕਰਦੇ ਹਨ। ਮਾਂ-ਬੋਲੀ ਮਨੁੱਖ ਨੂੰ ਮਾਂ ਦੇ ਦੁੱਧ ਨਾਲ ਹੀ ਪ੍ਰਾਪਤ ਹੁੰਦੀ ਹੈ। ਬੱਚੇ ਦੀ ਪਹਿਲੀ ਕਿਲਕਾਰੀ ਉਸਦੀ ਮਾਂ ਬੋਲੀ ਵਿੱਚੋਂ ਹੀ ਫੁੱਟਦੀ ਹੈ। ਭਾਸ਼ਾਈ ਪੱਧਰ ਤੇ ਮਨੁੱਖ ਭਾਵੇਂ ਜਿੰਨੀਆਂ ਮਰਜ਼ੀ ਬੋਲੀਆਂ ਤੇ ਆਬੂਰ ਹਾਸਿਲ ਕਰ ਲਵੇ ਪਰੰਤੂ ਆਪਣੀਆਂ ਆਂਤਰਿਕ ਭਾਵਨਾਵਾਂ/ਸੰਵੇਦਨਾਵਾਂ ਨੂੰ ਉਹ ਆਪਣੀ ਮਾਂ-ਬੋਲੀ ਵਿੱਚ ਹੀ ਵਧੇਰੇ ਪਰਪੱਕਤਾ ਨਾਲ ਪੇਸ਼ ਕਰ ਸਕਦਾ ਹੈ। ਇਸ ਕਰਕੇ ਜ਼ਰੂਰੀ ਹੈ ਕਿ ਅਸੀਂ ਭਾਵੇਂ ਜਿੰਨੀਆਂ ਮਰਜ਼ੀ ਹੋਰ ਭਾਸ਼ਾਵਾਂ ਸਿੱਖੀਏ ਪਰੰਤੂ ਆਪਣੀ ਮਾਂ-ਬੋਲੀ ਪ੍ਰਤੀ ਕਦੇ ਵੀ ਪਿੱਠ ਨਾ ਕਰੀਏ। ਤੁਹਾਡੇ ਵਿਅਕਤੀਤਵ ਦੀ ਪਹਿਲੀ ਪਛਾਣ ਤੁਹਾਡੀ ਮਾਂ-ਬੋਲੀ ਰਾਹੀਂ ਹੀ ਹੁੰਦੀ ਹੈ। ਜਸਪ੍ਰੀਤ ਦੀ ਕਵਿਤਾ/ਗ਼ਜ਼ਲਾਂ ਆਪਣੀ ਮਾਂ-ਬੋਲੀ ਪ੍ਰਤੀ ਬੇਰੁਖੀ ਲਈ ਫ਼ਿਕਰਮੰਦ ਹੈ ਜੋ ਉਸਦੀਆਂ ਰਚਨਾਵਾਂ ਵਿੱਚ ਵਾਰ-ਵਾਰ ਪ੍ਰਗਟ ਹੁੰਦਾ ਹੈ, ਜਿਵੇਂ:

ਦਿਲ ਚ ਖੁਸ਼ੀ ਤਾਂ ਹੈ
ਪੰਜਾਬੀ ਹੋਣ ਦੀ
ਇਹ ਖੁਸ਼ੀ
ਮੇਰੀ ਆਤਮਾ ਦੀ ਅਵਾਜ਼
ਇਹ ਖੁਸ਼ੀ
ਮੇਰੇ ਖ਼ੂਨ 'ਚ ਸਮਾਈ
........................
ਪੰਜਾਬੀ ਮਾਂ-ਬੋਲੀ ਦੀ ਸੇਵਾ ਕੀਤੀ ਗੁਰੂਆਂ-ਪੀਰਾਂ ਨੇ
ਪਰ ਅੱਜ ਉਹ ਪੰਜਾਬੀ ਦੇ ਦਿਨ ਨਾ ਰਹੇ।

ਆਧੁਨਿਕ ਮਨੁੱਖ ਨੇ ਆਧੁਨਿਕ ਹੋਣ ਵਿਚ ਬੜਾ ਕੁਝ ਗਵਾ ਲਿਆ ਹੈ। ਆਧੁਨਿਕ ਹੋਣ ਦਾ ਅਰਥ ਹੈ- ਪਦਾਰਥਵਾਦੀ ਹੋਣਾ, ਉਪਭੋਗਤਾਵਾਦੀ ਹੋਣਾ ਅਤੇ ਮਨੁੱਖ ਤੋਂ ਮਸ਼ੀਨ ਵਿੱਚ ਪਰਿਵਰਤਿਤ ਹੋਣਾ। ਪਦਾਰਥਕ ਰੁਚੀਆਂ ਵਿੱਚ ਬੱਝੀ ਇਹ ਮਾਨਸਿਕਤਾ, ਪੈਸਾ ਕਲਚਰ, ਸਮਾਜਿਕ ਰਿਸ਼ਤਿਆਂ, ਮੁੱਲਾਂ ਅਤੇ ਕਦਰਾਂ-ਕੀਮਤਾਂ ਨੂੰ ਵੀ ਬਜ਼ਾਰ ਦੀਆਂ ਵਸਤਾਂ ਵਾਂਗ ਹੀ ਵੇਖਦੀ ਤੇ ਭੋਗਦੀ ਹੈ। ਆਧੁਨਿਕ, ਉੱਤਰ ਆਧੁਨਿਕ ਅਤੇ ਵਿਸ਼ਵੀਕਰਨ ਦੇ ਦੌਰ ਵਿਚ ਵਿਚਰਦੇ ਇਸ ਮਾਨਵ ਕੋਲ ਨਾ ਹੀ ਤਾਂ ਕੋਈ ਆਪਣੀ ਦ੍ਰਿਸ਼ਟੀ ਹੈ ਅਤੇ ਨਾਂ ਹੀ ਕੋਈ ਪ੍ਰਗਤੀ/ ਸੰਕਲਪ/ਵਿਖੰਡਨ/ਅਸੁੰਤਲਿਨ ਦੇ ਇਸ ਦੌਰ ਵਿਚ ਜ਼ਿੰਦਗੀ ਅਸਤ-ਵਿਅਸਤ ਹੋਕੇ ਰਹਿ ਗਈ ਹੈ, "ਵਿਸ਼ਵੀਕਰਨ, ਉਦਾਰੀਕਰਨ, ਖੁੱਲ੍ਹੇ ਮੰਡੀ ਸੰਬੰਧ, ਬਹੁ-ਰਾਸ਼ਟਰੀ ਕੰਪਨੀਆਂ ਤੇ ਕਾਰਪੋਰੇਟ ਸੈਕਟਰ ਦਾ ਉਭਾਰ ਅਤੇ ਗਿਆਨ/ਸੂਚਨਾ-ਸਾਧਨਾਂ ਦਾ ਵਿਸਤਾਰ, ਵਿਕਸਿਤ ਪੂੰਜੀਵਾਦ ਦੀਆਂ ਇਤਿਹਾਸਕ ਲੋੜਾਂ ਹਨ। ਆਪਣੇ ਸਰਮਾਏ ਅਤੇ ਮੁਨਾਫ਼ੇ ਵਿਚ ਵਾਧੇ ਲਈ ਮੰਡੀ ਦਾ ਵਿਸਤਾਰ ਅਤੇ ਗ਼ਰੀਬ ਮੁਲਕਾਂ ਦੀ ਖਰੀਦ ਸ਼ਕਤੀ ਵਧਾਉਣੀ ਅਜੋਕੇ ਪੜਾਅ ਦੇ ਪੂੰਜੀਵਾਦ ਦੀ ਮਜਬੂਰੀ ਹੈ।"1 ਪੈਸੇ ਦੀ ਅੰਨ੍ਹੀ ਦੌੜ ਵਿਚ ਨਿੱਜ ਹਾਵੀ ਹੋ ਰਿਹਾ ਹੈ। ਇਹ ਹੀ ਕਾਰਨ ਹੈ ਕਿ ਅੱਜ ਸਾਡੇ ਦੇਸ਼ ਨੂੰ ਬਾਹਰੀ ਸ਼ਕਤੀਆਂ ਦੀ ਥਾਂ ਅੰਦਰੂਨੀ ਸ਼ਕਤੀਆਂ ਤੋਂ ਵਧੇਰੇ ਖ਼ਤਰਾ ਹੈ। ਜਸਪ੍ਰੀਤ ਰਿਸ਼ਤਿਆਂ ਅੰਦਰ ਆਈ ਇਸ ਨਕਰਾਤਮਕ ਤਬਦੀਲੀ ਨੂੰ ਵੇਖਦੀ ਹੋਈ ਇਨ੍ਹਾਂ ਪ੍ਰਤੀ ਵੀ ਆਪਣੀ ਚਿੰਤਾ ਜ਼ਾਹਿਰ ਕਰਦੀ ਹੈ, ਜਿਵੇਂ:

ਖ਼ੂਨ ਸਫ਼ੈਦ ਹੋਇਆ ਅੱਜ ਕੱਲ
ਭਰਾ, ਭਰਾ ਨੂੰ ਮਾਰਦਾ ਏ,
ਅੱਜ ਦੇ ਨੌਜਵਾਨ ਨੂੰ ਚੜ੍ਹਿਆ,
ਨਸ਼ਿਆਂ ਦਾ ਖੁਮਾਰ,

ਤੜਫ਼ ਜਸਪ੍ਰੀਤ ਦੀ ਕਾਵਿ-ਸੰਵੇਦਨਾ ਦਾ ਕੇਂਦਰੀ ਮੋਟਿਫ ਬਣਦਾ ਹੈ।ਇਹ ਮੋਟਿਫ਼ ਉਸ ਦੀਆਂ ਕਵਿਤਾਵਾਂ ਅਤੇ ਗ਼ਜ਼ਲਾਂ ਵਿੱਚ ਵਾਰ-ਵਾਰ ਦੁਹਰਾਇਆ ਗਿਆ ਹੈ। ਇਹ ਤੜਫ਼ ਹੀ ਉਸ ਦੀ ਕਾਵਿ ਸਿਰਜਣਾ ਨੂੰ ਪ੍ਰਗਤੀ ਪ੍ਰਦਾਨ ਕਰਦੀ ਹੈ, ਜੋ ਖੁਸ਼ੀ, ਗ਼ਮੀ ਅਤੇ ਨਿਰਾਸ਼ਾ ਦਾ ਮਿਸ਼ਰਣ ਹੈ। ਇਸ ਤੜਫ਼ ਦਾ ਜਨਮ ਉਨ੍ਹਾਂ ਵਿਰੋਧੀ ਸਥਿੱਤੀਆ ਦੀ ਉਪਜ ਹੈ ਜੋ ਜ਼ਿੰਦਗੀ ਦੀ ਸਹਿਜ ਤੋਰ ਵਿਚ ਖਲਲ ਪਾਉਂਦੀਆਂ ਹਨ। ਇਹ ਵਿਰੋਧੀ ਸਥਿਤੀਆਂ ਸਮਾਜਿਕ-ਸਾਂਸਕ੍ਰਿਤਿਕ ਪਰਿਵੇਸ਼ ਦੀ ਉਪਜ ਹਨ ਅਤੇ ਜਿਨ੍ਹਾਂ ਦੀ ਪਿੱਠਭੂਮੀ ਵਿੱਚ ਕਾਵਿ 'ਮੈਂ' ਦੀ ਹੋਂਦ ਨਾਲ ਜੁੜੇ ਅਨੇਕ ਪਹਿਲੂ ਵੀ ਦ੍ਰਿਸ਼ਟੀਗੋਚਰ ਹੁੰਦੇ ਹਨ। "ਪੰਜਾਬੀ ਕਵਿਤਾ ਵਿਚ 'ਮੈਂ ਮੁੱਖ' ਵਿਧੀ ਪਹਿਲਾ ਵੀ ਸੀ ਪਰ ਉਸ ਮੈਂ ਮੁਖਤਾ ਦਾ ਸੰਬੰਧ ਆਤਮ ਨਾਲੋਂ ਅਨਾਤਮ ਨਾਲ ਵਧੇਰੇ ਸੀ ਪ੍ਰੰਤੂ ਇਸ ਦਾ ਆਤਮਤਾ, ਅੰਤਮੁਖਤਾ ਅਤੇ ਅਵੇਚਤਨ ਨਾਲ ਵਧੇਰੇ ਹੈ।"2 ਇਸ ਬਾਰੇ ਜਸਪ੍ਰੀਤ ਦੀ ਕਵਿਤਾ ਵਿਚ ਆਏ ਇਕਬਾਲੀਆ ਬਿਆਨ (ਵਿਧੀ) ਵੀ ਇਸ ਤਰ੍ਹਾਂ ਦੀ ਸਥਿਤੀ ਨੂੰ ਹੀ ਪਰਿਭਾਸ਼ਤ ਕਰਦੇ ਹਨ, ਜਿਵੇਂ:

- ਤੜਫ਼ ਨੇ ਲਿਖਾਰੀ ਬਣਾ ਦਿੱਤਾ ਹੈ ਮੈਨੂੰ ਤੈਨੂੰ ਸ਼ਬਦਾਂ 'ਚ ਪ੍ਰੋਣ ਲਈ ਬੀਤਿਆ ਹੈ ਸਮਾਂ।
- ਜੇ ਮੇਰੀ ਤੜਫ਼ ਨਾ ਹੁੰਦੀ ਤਾਂ ਇਹ ਮੇਰੀ ਗ਼ਜ਼ਲ ਨਾ ਹੁੰਦੀ। ਅਹਿਸਾਸ ਨਾ ਹੁੰਦਾ ਜੇ ਰੱਬ ਦਾ ਤਾਂ ਮੈਨੂੰ ਅਕਲ ਨਾ ਹੁੰਦੀ
- ਮੇਰੀ ਤੜਫ਼ ਨੂੰ ਤੜਫ਼ ਨਾ ਕਹੀ ਤੂੰ ਕਦੇ ਵੀ ਇਹੀ ਤੜਫ਼ ਮੇਰੀ ਅੱਜਕੱਲ ਤਮੰਨਾ ਹੈ ਕਮਲਿਆ।

ਜਸਪ੍ਰੀਤ ਦੀ ਕਵਿਤਾ ਵਿੱਚ ਮੁਹੱਬਤ ਦਾ ਸੰਕਲਪ ਵੀ ਇਸ ਤੜਫ਼ ਦਾ ਸਮਨਵੇਂ ਬਣਦਾ ਹੈ। ਇਸ ਤੜਫ਼ ਦਾ ਸਰੋਤ ਇਹ ਨਿੱਜ ਹੀ ਹੈ ਜੋ ਉਸ ਦੀਆਂ ਗ਼ਜ਼ਲਾਂ/ਕਵਿਤਾਵਾਂ ਵਿੱਚ ਸ਼ਬਦਾਂ ਦਾ ਚੋਲਾ ਪਾਕੇ ਰੂਪਮਾਨ ਹੁੰਦਾ ਹੈ: ਜਿਵੇਂ:-

ਆਪਣੇ ਮਨ ਦੀ ਤੜਫ਼ ਹੰਢਾਉਂਦੇ ਇੱਕ ਜ਼ਮਾਨਾ ਨਿਖੇੜੋ
ਤੜਫ਼ ਤੋਂ ਤਮੰਨਾ ਮਹਿਕਾਉਂਦੇ ਇਕ ਜ਼ਮਾਨਾ ਹੋ ਗਿਆ ਹੈ।

ਜਸਪ੍ਰੀਤ ਇੱਕ ਸੰਵੇਦਨਸ਼ੀਲ ਕਵਿਤਰੀ ਹੈ ਅਤੇ ਉਸਨੇ ਸਾਨੂੰ ਕੁਦਰਤ ਨਾਲ ਲੋੜੋ ਵੱਧ ਛੇੜ-ਛਾੜ ਅਤੇ ਭਰੂਣ ਹੱਤਿਆ ਵਰਗੇ ਮਸਲਿਆਂ ਪ੍ਰਤੀ ਵੀ ਸੁਚੇਤ ਕੀਤਾ ਹੈ।ਅੱਜ ਵਿਗਿਆਨਕ ਚੇਤਨਾ ਨੇ ਪਦਾਰਥਕ ਬਹੁਲਤਾ ਪੈਦਾ ਕਰ ਦਿੱਤੀ ਹੈ। ਪਰਮਾਣੂ ਤਜ਼ਰਬਿਆਂ ਨੇ ਸਾਡੀਆਂ ਹਵਾਵਾਂ ਨੂੰ ਜ਼ਹਿਰੀਲਾ ਕਰ ਦਿੱਤਾ ਹੈ। ਧਰਤੀ ਤੋਂ ਰੁੱਖਾਂ ਦੀ ਹਿਜ਼ਰਤ ਨਾਲ ਅਸੀਂ ਪ੍ਰਕਿਰਤਕ ਦ੍ਰਿਸ਼ਾਂ ਤੋਂ ਮਰਹੂਮ ਹੋ ਰਹੇ ਹਾਂ ਅਤੇ ਕੁੱਖਾਂ ਵਿਚ ਧੀਆਂ ਦੇ ਕਤਲਾਂ ਨੇ ਸਾਡੇ ਸਮਾਜ ਅੰਦਰ ਔਰਤ

ਦੀ ਹੋਂਦ ਪ੍ਰਤੀ ਨਵਾਂ ਸੰਕਟ ਖੜ੍ਹਾ ਕਰ ਦਿੱਤਾ ਹੈ। ਜਸਪ੍ਰੀਤ ਨੇ ਸਾਨੂੰ ਅਜਿਹੇ ਸੰਵੇਦਨਸ਼ੀਲ ਮਸਲਿਆਂ ਪ੍ਰਤੀ ਗੰਭੀਰਤਾ ਨਾਲ ਸੋਚਣ ਦੀ ਤਕੀਦ ਕੀਤੀ ਹੈ:-

- ਕੁਦਰਤ ਦੀ ਸੁੰਦਰਤਾ ਨਾ ਉਜਾੜੋ ਦੋਸਤੋ ਕੁਦਰਤ ਦੀ ਸੁੰਦਰਤਾ ਨੂੰ ਸੰਭਾਲੋ ਦੋਸਤੋ
- ਧੀਆਂ ਨੂੰ ਮਾਰਕੇ ਤੁਸੀਂ ਕੁੱਖ ਖ਼ਾਲੀ ਕਰਦੇ ਹੋ ਕੱਖੋਂ ਹੌਲੇ ਹੋਕੇ ਪੁੱਤਾਂ ਕੋਲੋਂ ਸੁਲਘਦੇ ਹੋ ਖ਼ੂਨ ਵਿਚ।

ਜਸਪ੍ਰੀਤ-ਜ਼ਿੰਦਗੀ ਨੂੰ ਪ੍ਰਭੂ ਦੀ ਦਾਤ ਹੀ ਮੰਨਦੀ ਹੈ। ਉਸ ਦੀ ਕਵਿਤਾ/ਗ਼ਜ਼ਲ ਵਿਚੋਂ ਉਸ ਦੀ ਇਹ ਧਾਰਨਾ ਵੀ ਉਭਰਦੀ ਹੈ ਕਿ ਜ਼ਿੰਦਗੀ ਦੁੱਖ ਅਤੇ ਸੁਖ ਦਾ ਸੁਮੇਲ ਹੈ, ਜੋ ਮਨੁੱਖ ਨੂੰ ਸਿਰਜਕ ਬਣਾਉਂਦੇ ਹਨ।ਸਮਕਾਲੀ ਸਥਿਤੀਆਂ ਪ੍ਰਤੀ ਉਸਦਾ ਪ੍ਰਤੀ ਕਰਮ ਕੋਈ ਉੱਚੇ ਸੁਰ ਦਾ ਧਾਰਨੀ ਨਹੀਂ ਬਣਦਾ। ਸਗੋਂ ਉਹ ਇਨ੍ਹਾਂ ਵਿਰੋਧੀ ਸਥਿਤੀਆਂ ਤੇ ਪ੍ਰਸ਼ਨਚਿੰਨ ਅੰਕਿਤ ਕਰਦੀ ਹੋਈ ਇਕ ਸੰਵੇਦਨਸ਼ੀਲ ਕਵਿੱਤਰੀ ਵਾਂਗ ਆਪਣਾ ਪ੍ਰਤੀਕਰਮ ਪ੍ਰਗਟ ਕਰਕੇ ਪਾਠਕ ਨੂੰ ਇਨ੍ਹਾਂ ਸਥਿਤੀਆਂ ਪ੍ਰਤੀ ਸੁਚੇਤ ਕਰਦੀ ਹੋਈ ਆਪਣਾ ਕਾਵਿ ਪ੍ਰਵਚਨ ਉਚਾਰਦੀ ਹੈ:-

> ਅੰਨਦਾਤੇ ਦੇ ਪੈਰਾਂ ਤਲੇ ਨੇ ਕੰਡੇ ਬਿਖਰੇ ਹੋਏ।
> ਨੇਤਾਵਾਂ ਦੇ ਗਲੇ ਵਿਚ ਨੇ ਫੁੱਲ-ਹਾਰ ਕਿਉਂ ?

ਜਸਪ੍ਰੀਤ ਮਨੁੱਖ ਨੂੰ ਆਪਣੀ ਅੰਦਰੂਨੀ ਅਵਾਜ਼ ਨੂੰ ਸੁਣਕੇ ਕੇਵਲ ਮਨੁੱਖ ਨੂੰ ਮਨੁੱਖ ਬਣਨ ਲਈ ਹੀ ਪ੍ਰੇਰਿਤ ਕਰਦੀ ਹੈ। ਅੱਜ ਦੇ ਪਦਾਰਥਕ ਯੁੱਗ ਵਿੱਚ ਅਜਿਹੀ ਆਸ ਭਾਵੇਂ ਮਹਿਜ਼ ਧਰਵਾਸ ਹੀ ਕਹੀ ਜਾ ਸਕਦੀ ਹੈ ਪਰੰਤੂ ਸੱਚੇ ਅਦੀਬ ਵਾਂਗ ਉਸ ਦੀ ਕਵਿਤਾ ਵਿਚ ਅਜਿਹਾ ਹੋਣ ਦੀ ਆਸ ਵੀ ਮੌਜੂਦ ਹੈ, ਜਿਵੇਂ:-

- ਦਿਲ ਵਿਚ ਪਿਆਰ ਦਾ ਕੋਈ ਤਾਂ ਜ਼ਜ਼ਬਾ ਰੱਖੋ। ਇਨਸਾਨ ਹੋਣ ਦਾ ਕੋਈ ਤਾਂ ਅੰਦਾਜ਼ਾ ਰੱਖੋ।
- ਇੱਕ ਚੰਗਾ ਇਨਸਾਨ ਹੀ ਬਣਨਾ ਚਾਹਾਂ ਮੈਂ ਇਨਸਾਨੀਅਤ ਦੀ ਚਾਹਤ ਨੂੰ ਮੇਰੀ ਤਲਾਸ਼ ਹੈ।

ਜਸਪ੍ਰੀਤ ਦੀਆਂ ਬਹੁਤੀਆਂ ਗ਼ਜ਼ਲਾਂ ਮੁਸੱਲਸਲ ਕਿਸਮ ਦੀਆਂ ਗ਼ਜ਼ਲਾਂ ਹਨ, ਜਿਨ੍ਹਾ ਦੇ ਹਰ ਸ਼ੇਅਰਾਂ ਵਿਚ ਉਹ ਇੱਕ ਹੀ ਵਿਚਾਰ ਨੂੰ ਵਿਸਥਾਰਦੀ ਹੈ। ਜਿਵੇਂ: ਸ਼ਬਦ, ਜ਼ਿੰਦਗੀ, ਪਿਆਰ ਅਤੇ ਧੀ, ਨਾਲ ਸਬੰਧਤ ਉਸਦੀਆਂ ਗ਼ਜ਼ਲਾਂ ਇਸ ਪ੍ਰਕਿਰਤੀ ਦੀਆਂ ਹੀ ਧਾਰਨੀ ਹਨ। ਭਵਿੱਖ ਵਿੱਚ ਉਹਨਾਂ ਨੂੰ ਇਸ ਪ੍ਰਤੀ ਸੁਚੇਤ ਹੋਣ ਦੀ ਜ਼ਰੂਰਤ ਹੈ। ਗ਼ਜ਼ਲ ਪ੍ਰਤੀ ਪੁਖਤਾ ਜਾਣਕਾਰੀ ਹੀ ਉਸ ਦੀ ਗ਼ਜ਼ਲ ਵਿਚ ਹੋਰ ਪਾਕੀਜ਼ਗੀ ਪੈਦਾ ਕਰ ਸਕਦੀ ਹੈ। ਉਸਦੀ ਕਵਿਤਾ/ਗ਼ਜ਼ਲਾਂ ਵਿਚ ਉੱਠੇ ਸੁਰ ਦੇ ਵਿਅੰਗ ਨਹੀਂ ਸਗੋਂ ਉਹ ਵਿਰੋਧੀ ਸਥਿਤੀ ਤੇ ਪ੍ਰਸ਼ਨ ਚਿੰਨ੍ਹ ਅੰਕਿਤ ਕਰਕੇ ਮਾਨਵੀ ਸੰਵੇਦਨਾ ਨੂੰ ਚਿੰਤਨ ਲਈ ਪ੍ਰੇਰਤ ਕਰਦੀ ਹੈ। ਇਸ ਕਾਵਿ ਅਧਿਐਨ ਤੋਂ ਸਪੱਸ਼ਟ ਹੋ ਜਾਂਦਾ ਹੈ ਜਸਪ੍ਰੀਤ ਨੂੰ ਸਮਕਾਲੀ ਯਥਾਰਥਾਂ ਬਾਰੇ ਡੂੰਘੀ ਸੂਝ ਹੈ। ਉਸ ਦੀਆਂ ਔਰਤ ਬਾਰੇ ਕਹੀਆਂ ਕਵਿਤਾਵਾਂ/ਗ਼ਜ਼ਲਾਂ ਔਰਤ ਦੇ ਵਿਲੱਖਣ ਵਿਅਕਤੀਤਵ ਦੀ ਤਰਜਮਾਨੀ ਵੀ ਕਰਦੀਆਂ ਹਨ। ਜਸਪ੍ਰੀਤ ਦਾ ਇਹ ਕਾਵਿ ਸੰਗ੍ਰਹਿ ਉਸ ਦੀ ਪਲੇਠੀ ਕੋਸ਼ਿਸ਼ ਹੈ ਪਰੰਤੂ ਉਸ ਦੀ ਕਵਿਤਾ ਵਿਚੋਂ ਲਰਜਦੀ ਕਾਵਿਕਤਾ, ਭਾਸ਼ਾਈ ਸੁਹਜ ਅਤੇ ਸੰਵੇਦਨਸ਼ੀਲਤਾ ਉਸ ਦੀ ਕਵਿਤਾ ਦੇ ਚੰਗੇ ਭਵਿੱਖ ਦੀ ਆਸ ਪ੍ਰਗਟ ਕਰਦੇ ਹਨ।

**ਹਵਾਲੇ**

1. ਡਾ. ਸੁਖਦੇਵ ਸਿੰਘ, ਕਾਵਿ ਸਰੋਕਾਰ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, ਪੰਨਾ 65
2. ਡਾ. ਸਰਬਜੀਤ ਸਿੰਘ, ਪਾਠ ਤੇ ਪਰਿਪੇਖ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪੰਨਾ 39
3. ਜਸਪ੍ਰੀਤ ਸ਼ਬਦਾਂ ਦੀ ਦਹਿਲੀਜ